# ELECTION CELL

**ASST.RETURNING OFFICER -CUM- ACA,BDA**
**093-BATHINDA RURAL(SC)**
Phone/Fax No. 0164-5005429
Zila Parishad Complex-214
email:: bathindarural093ac@gmail.com

ਜਿੰਮੇਵਾਰ ਸ਼ਤੋ ਵੋਟਾਰ ਸ਼ਤੋ

No ਚੋਣ/2024 636 Dated 26-4-2024

ਵੱਲ

ਸਮੂਹ ਵਿਭਾਗਾਂ/ਦਫਤਰਾਂ ਦੇ ਮੁੱਖੀ,
ਬਠਿੰਡਾ।

ਵਿਸ਼ਾ: ਲੋਕ ਸਭਾ ਚੋਣਾਂ-2024 ਦੇ ਮੱਦੇਨਜਰ ਬੀ.ਐਲ.ਓ. ਨੂੰ ਦਫਤਰੀ ਡਿਊਟੀ ਤੋਂ ਛੋਟ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਲੋਕ ਸਭਾ ਚੋਣਾਂ-2024 ਨੂੰ ਮੁੱਖ ਰਖਦੇ ਹੋਏ ਚੋਣਾਂ ਸਬੰਧੀ ਟੀਚਿਆਂ/ਰਿਪੋਰਟਾਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਬੀ.ਐਲ.ਓਜ. ਨੂੰ ਇਸ ਅਵਧੀ ਦੌਰਾਨ ਸਮੂਹ ਟੀਚਿੰਗ/ਨਾਨ-ਟੀਚਿੰਗ ਸਟਾਫ, ਜਿਨ੍ਹਾਂ ਦੀ ਡਿਊਟੀ ਬਤੌਰ ਬੀ.ਐਲ.ਓ. ਇਸ ਵਿਧਾਨ ਸਭਾ ਹਲਕੇ ਵਿੱਖੇ ਲੱਗੀ ਹੋਈ ਹੈ, ਉਨ੍ਹਾਂ ਨੂੰ ਦਿਨ **ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ** ਨੂੰ (ਹਰੇਕ ਹਫਤੇ) ਚੋਣ ਡਿਊਟੀ ਲਈ ਦਫਤਰੀ ਡਿਊਟੀ ਤੋਂ ਅਗਲੇ ਹੁਕਮਾਂ ਤੱਕ ਫਾਰਗ ਕੀਤਾ ਜਾਵੇ। ਇਨ੍ਹਾਂ ਹਦਾਇਤਾ ਨੂੰ ਆਪਣੇ ਵਿਭਾਗ/ਸਕੂਲ ਦੇ ਮੁੱਖੀਆਂ ਨੂੰ ਤੁਰੰਤ ਭੇਜੀਆਂ ਜਾਣ ਤਾਂ ਜੋ ਲੋਕ ਸਭਾ ਚੋਣਾਂ-2024 ਦੇ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ. ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ, ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ ਸੰਬੰਧਿਤ ਬੀ.ਪੀ.ਈ. ਓਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹਾਇਕ ਰਿਟਰਨਿੰਗ ਅਫਸਰ,
093- ਬਠਿੰਡਾ ਦਿਹਾਤੀ।
ਮਿਤੀ 26/04/2024

ਪਿੱਠ ਅੰਕਣ ਨੰ. ਚੋਣ-2024/ 637

ਉਪਰੋਕਤ ਦਾ ਉਤਾਰਾ:

1. ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।
2. ਸਮੂਹ ਸੁਪਰਵਾਈਜਰ 093-ਬਠਿੰਡਾ ਦਿਹਾਤੀ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੀ.ਐੱਲ.ਓਜ਼ ਨਾਲ ਤਾਲਮੇਲ ਕਰਕੇ ਉਨ੍ਹਾਂ ਪਾਸੋਂ ਰੋਜਾਨਾ ਸ਼ਾਮ ਨੂੰ 04.00 ਵਜੇ ਕੀਤੇ ਗਏ ਕੰਮ ਦੀ ਰਿਪੋਰਟ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
3. ਸਮੂਹ ਬੀ.ਐੱਲ.ਓਜ਼, 093- ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਬੂਥ ਵਿੱਚ ਡੋਰ ਟੂ ਡੋਰ ਸਰਵੇ ਕੀਤਾ ਜਾਵੇ ਕਿ ਯੋਗਤਾ ਮਿਤੀ 01.01.2024 ਆਧਾਰ ਤੇ ਵੋਟ ਰਜਿਸਟਰ ਕਰਨ ਯੋਗ ਹੈ ਤਾਂ ਉਹਨਾਂ ਦਾ ਫਾਰਮ 6 ਤੁਰੰਤ ਭਰਿਆ ਜਾਵੇ ਤਾਂ ਜੋ ਕੋਈ ਵੀ ਵੋਟਰ ਰਜਿਸਟ੍ਰੇਸ਼ਨ ਤੋਂ ਵਾਂਝਾ ਨਾ ਰਹਿ ਜਾਵੇ। ਇਸ ਤੋਂ ਇਲਾਵਾ ਫਾਰਮ 12 ਡੀ. ਦੀ ਰਿਪੋਰਟ ਵੀ ਰੋਜਾਨਾ ਬਾਅਦ ਦੁਪਹਿਰ 3 ਵਜੇ ਆਪਣੇ ਸੁਪਰਵਾਈਜ਼ਰ ਸਾਹਿਬਾਨ ਨੂੰ ਮੁਹੱਈਆ ਕਰਵਾਈ ਜਾਵੇ।
4. ਇਸ ਤੋਂ ਇਲਾਵਾ VIS ਵੋਟਰਾਂ ਨੂੰ ਵੰਡਣ ਦੇ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ।

Sd
ਸਹਾਇਕ ਰਿਟਰਨਿੰਗ ਅਫਸਰ,

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-4/1 ( )2024 15043 ਮਿਤੀ: 26/04/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

26/4/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।